# ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਜੀ ਦੇ ਅਕਾਲ ਤਖ਼ਤ ਉੱਤੇ ਸਪਸ਼ਟੀਕਰਨ ਪੇਸ਼ ਕਰਨ ਦੀ ਸੱਚੀ ਵਾਰਤਾ

ਸਿੰਘ ਸਾਹਿਬਾਨ ਵੱਲੋਂ 5 ਦਸੰਬਰ ਨੂੰ ਇੱਕ 'ਆਦੇਸ਼' ਜਾਰੀ ਕੀਤਾ ਗਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰੋ. ਦਰਸ਼ਨ ਸਿੰਘ ਜੀ ਦੇ ਸਪਸ਼ਟੀਕਰਨ ਭੇਟਾ ਕਰਨ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਹੀ ਤਨਖ਼ਾਹੀਆ ਕਰਾਰ ਕਰ ਦਿੱਤਾ ਗਿਆ। ਜਦਕਿ ਸੱਚਾਈ ਇਹ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਅਸਥਾਨ ਦੇ ਸਾਹਮਣੇ ਦਰਬਾਰ ਸਾਹਿਬ ਵਿੱਚ ਹਾਜ਼ਰੀ ਭਰਨ ਉਪ੍ਰੰਤ ਕਰੀਬ 11.30 ਵਜੇ ਪਹੁੰਚ ਗਏ ਸੀ ਅਤੇ ਉਥੇ ਉਹ ਇੱਕ ਘੰਟੇ ਤਕ ਇੰਤਜ਼ਾਰ ਕਰਦੇ ਰਹੇ। ਇਸ ਦੀ ਤਾਕੀਦ ਨਾਲ ਦਿੱਤੀਆਂ ਫੋਟੋਆਂ ਤੋਂ ਕੀਤੀ ਜਾ ਸਕਦੀ ਹੈ।

ਇਸ ਸਮੇਂ ਦੌਰਾਨ ਗਿਆਨੀ ਕੇਵਲ ਸਿੰਘ ਜੀ (ਸਾਬਕਾ ਜਥੇਦਾਰ), ਸ੍ਰ. ਪਰਮਜੀਤ ਸਿੰਘ ਸਰਨਾ (ਪ੍ਰਧਾਨ ਦਿੱਲੀ ਕਮੇਟੀ), ਸ੍ਰ. ਦਿਲਮੇਘ ਸਿੰਘ (ਸਕੱਤਰ, ਸ਼੍ਰੋਮਣੀ ਕਮੇਟੀ), ਸ੍ਰ. ਜਸਵਿੰਦਰ ਸਿੰਘ ਐਡਵੋਕੇਟ (ਮੈਂਬਰ, ਸ਼੍ਰੋਮਣੀ ਕਮੇਟੀ), ਸ੍ਰ. ਤਰਸੇਮ ਸਿੰਘ (ਚੇਅਰਮੈਨ, ਧਰਮ ਪ੍ਰਚਾਰ ਕਮੇਟੀ, ਦਿੱਲੀ ਕਮੇਟੀ), ਸ੍ਰ. ਹਰਜੀਤ ਸਿੰਘ (ਸਿੱਖ ਮਿਸ਼ਨਰੀ ਕਾਲਜ) ਆਦਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਵਿੱਚ ਸਿੰਘ ਸਾਹਿਬਾਨ ਕੋਲ ਗਏ ਜਿਥੇ ਉਨ੍ਹਾਂ ਨੇ ਬੇਨਤੀ ਕੀਤੀ ਕਿ ਪ੍ਰੋ. ਸਾਹਿਬ ਅਕਾਲ ਤਖ਼ਤ ਦੇ ਸਾਹਮਣੇ ਪੁੱਜ ਚੁਕੇ ਹਨ ਅਤੇ ਉਹ ਸਾਰੇ ਅਕਾਲ ਤਖ਼ਤ ਦੇ ਅਸਥਾਨ 'ਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨ। ਪਰ ਕੁਝ ਦੇਰ ਬਾਅਦ ਪਤਾ ਇਹ ਸੁਨੇਹਾ ਆਇਆ ਕਿ ਸਿੰਘ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਨਹੀਂ ਆ ਰਹੇ। ਇਹ ਸੁਣਨ ਤੋਂ ਬਾਅਦ ਹੀ ਪ੍ਰੋ. ਦਰਸ਼ਨ ਸਿੰਘ ਜੀ ਉਥੋਂ ਉਠ ਖਲੋਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਉਨ੍ਹਾਂ ਨੇ ਬੜੇ ਅਦਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਸਪਸ਼ਟੀਕਰਨ ਦਾ ਫਾਈਲ ਫੋਲਡਰ (ਨਾਲ ਡੀ.ਵੀ.ਡੀ.) ਰਖਿਆ ਅਤੇ ਉਥੇ ਹੀ ਸੰਗਤ ਦੀ ਹਾਜ਼ਰੀ ਵਿੱਚ ਸ੍ਰ. ਤਰਸੇਮ ਸਿੰਘ (ਚੇਅਰਮੈਨ, ਧਰਮ ਪ੍ਰਚਾਰ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਹੋਰਾਂ ਨੇ ਅਰਦਾਸ ਕੀਤੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਨਾਲ ਪ੍ਰੋ. ਸਾਹਿਬ ਅਕਾਲ ਤਖ਼ਤ ਦੇ ਅਸਥਾਨ ਤੋਂ ਬਾਹਰ ਆ ਗਏ।

ਇਸ ਤੋਂ ਤਕਰੀਬਨ ਡੇਢ ਘੰਟੇ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਉਸੇ ਅਸਥਾਨ 'ਤੇ ਹਾਜ਼ਰ ਹੋਏ ਜਿਥੇ ਪ੍ਰੋ. ਸਾਹਿਬ ਨੇ ਫਾਈਲ ਭੇਟਾ ਕੀਤੀ ਸੀ ਅਤੇ ਕੌਮ ਦੇ ਨਾਮ ਆਦੇਸ਼ ਜਾਰੀ ਕੀਤਾ ਜਿਸ ਵਿੱਚ ਲਿਖਿਆ ਗਿਆ ਕਿ "ਪੰਜ ਸਿੰਘ ਸਾਹਿਬਾਨ ਦਿੱਤੇ ਸਮੇਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਇੰਤਜ਼ਾਰ ਕਰਦੇ ਰਹੇ" ਜਦਕਿ ਉਥੇ ਇਸ ਤੋਂ ਉਲਟ ਹੋਇਆ। ਪ੍ਰੋ. ਸਾਹਿਬ ਉਥੇ 11.30 ਵਜੇ ਤੋਂ 1.00 ਵਜੇ ਤਕ ਸੰਗਤ ਨਾਲ ਬੈਠੇ ਰਹੇ ਅਤੇ ਉਹ ਸਿੰਘ ਸਾਹਿਬਾਨ ਦਾ ਇੰਤਜ਼ਾਰ ਕਰਦੇ ਰਹੇ।

ਅੱਗੇ 'ਆਦੇਸ਼' ਵਿੱਚ ਲਿਖਿਆ ਹੈ ਕਿ "ਪ੍ਰੋਫੈਸਰ ਦਰਸ਼ਨ ਸਿੰਘ ਨੇ ਨਿੱਜੀ ਹਉਮੈ-ਹੰਕਾਰ ਤੇ ਖ਼ੁਦਗਰਜ਼ੀ ਦਾ ਪ੍ਰਗਟਾ ਕਰਕੇ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਹੀਂ ਹੋਇਆ"। ਹੁਣ ਸੁਆਲ ਇਹ ਉਠਦਾ ਹੈ ਕਿ ਪ੍ਰੋ. ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਸੀ ਜਾਂ ਪੰਜ ਸਿੰਘ ਸਾਹਿਬਾਨ ਸਾਹਮਣੇ। ਜਦਕਿ ਸਿੰਘ ਸਾਹਿਬਾਨ ਨੇ ਪ੍ਰੋ. ਸਾਹਿਬ ਦੇ ਜਾਣ ਤੋਂ ਬਾਅਦ ਤਕਰੀਬਨ ਦੋ ਘੰਟਿਆਂ ਬਾਅਦ ਉਸੇ ਅਸਥਾਨ ਤੋਂ ਹੀ ਇਹ 'ਆਦੇਸ਼' ਜਾਰੀ ਕੀਤਾ ਜਿਥੇ ਪ੍ਰੋ. ਸਾਹਿਬ ਨੇ ਗੁਰੂ ਸਾਹਿਬ ਅੱਗੇ ਸਪਸ਼ਟੀਕਰਨ ਭੇਟ ਕੀਤਾ ਸੀ। ਜੇਕਰ ਆਦੇਸ਼ ਸੁਣਾਉਂਦਿਆਂ ਸਮੇਂ ਇਹ ਅਸਥਾਨ ਅਕਾਲ ਤਖ਼ਤ ਸੀ ਤਾਂ ਫਿਰ ਇਹ ਉਸ ਸਮੇਂ ਕਿਉਂ ਨਹੀਂ ਹੋਇਆ ਜਦੋਂ ਪ੍ਰੋ. ਸਾਹਿਬ ਉਥੇ ਪੁੱਜੇ ਸਨ ਤੇ ਸਿੰਘ ਸਾਹਿਬਾਨ ਆਪਣੇ ਦਫ਼ਤਰ ਵਿੱਚ ਬੈਠੇ ਹੋਏ ਸਨ। ਇਸ ਸਮੇਂ ਤਾਂ ਪੰਜ ਸਿੰਘ ਸਾਹਿਬਾਨ ਹੀ ਅਕਾਲ ਤਖ਼ਤ ਹੋ ਗਏ ਪਰ ਆਦੇਸ਼ ਸੁਣਾਉਂਦਿਆਂ ਸਮੇਂ ਉਹ ਅਸਥਾਨ ਅਕਾਲ ਤਖ਼ਤ ਹੋ ਗਿਆ। ਇਸ ਗੱਲ ਦਾ ਪ੍ਰਗਟਾਵਾ ਸਿੰਘ ਸਾਹਿਬਾਨ ਵੱਲੋਂ ਜਾਰੀ ਆਦੇਸ਼ ਵਿੱਚੋਂ ਸਹਿਜੇ ਹੀ ਹੋ ਜਾਂਦਾ ਹੈ ਜਿਥੇ ਲਿਖਿਆ ਹੈ ਕਿ "ਪ੍ਰੋਫੈਸਰ ਦਰਸ਼ਨ ਸਿੰਘ ਨੇ ਨਿੱਜੀ ਹਉਮੈ-ਹੰਕਾਰ ਤੇ ਖ਼ੁਦਗਰਜ਼ੀ ਦਾ ਪ੍ਰਗਟਾ ਕਰਕੇ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਹੀਂ ਹੋਇਆ"।

ਹੁਣ ਸੁਆਲ ਇਹ ਉਠਦਾ ਹੈ ਕਿ ਪ੍ਰੋ. ਦਰਸ਼ਨ ਸਿੰਘ ਜੀ ਨੂੰ 18 ਨਵੰਬਰ ਨੂੰ ਜਾਰੀ ਮਤੇ ਵਿੱਚ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋਣ ਲਈ ਕਿਹਾ ਗਿਆ ਸੀ ਜਿਥੇ ਉਹ ਨਿਮਰਤਾ ਸਹਿਤ ਹਾਜ਼ਰ ਹੋਏ। ਪਰ ਇਨ੍ਹਾਂ ਸਿੰਘ ਸਾਹਿਬਾਨ ਦੇ ਹਉਮੈ-ਹੰਕਾਰ ਕਰਕੇ ਦੋਹਾਂ ਪੱਖਾਂ ਵਿੱਚ ਇਸ ਮਸਲੇ 'ਤੇ ਵਿਚਾਰ ਨਾ ਹੋ ਸਕੀ।

ਇਸ ਤੋਂ ਕੁਝ ਦਿਨ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਅਖ਼ਬਾਰ ਵਿੱਚ ਇੱਕ ਬਿਆਨ ਰਾਹੀਂ ਸਪਸ਼ਟ ਕੀਤਾ ਸੀ ਕਿ 5 ਦਸੰਬਰ ਨੂੰ ਉਹੀ ਤਰੀਕਾ ਅਪਣਾਇਆ ਜਾਏਗਾ ਜੋ ਕਿ ਪ੍ਰੋ. ਦਰਸ਼ਨ ਸਿੰਘ ਆਪਣੇ ਵੇਲੇ ਅਪਣਾਉਂਦੇ ਸਨ। ਇਥੇ ਇਹ ਗੱਲ ਦੱਸਣਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਜੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੋਈ ਵੀ ਕੌਮੀ ਮਸਲੇ 'ਤੇ ਵਿਚਾਰ ਜਾਂ ਸਪਸ਼ਟੀਕਰਨ ਬੰਦ ਕਮਰੇ ਵਿੱਚ ਨਹੀਂ ਲਿਆ ਗਿਆ ਬਲਕਿ ਅਕਾਲ ਤਖ਼ਤ ਦੇ ਅਸਥਾਨ 'ਤੇ ਹੀ ਵਿਚਾਰਾਂ ਕੀਤੀਆਂ ਜਾਂਦੀਆਂ ਸਨ ਅਤੇ ਪੇਸ਼ੀ ਖੁਲ੍ਹੇ ਵਿੱਚ ਹੀ ਹੁੰਦੀ ਸੀ।

ਇਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਦਾ ਕੌਮੀ ਮਸਲਾ ਹੈ, ਇਸ ਲਈ ਇਸਦੀ ਵਿਚਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖੁਲ੍ਹੇ ਅਸਥਾਨ 'ਤੇ ਕੌਮ ਦੇ ਸਾਹਮਣੇ ਹੀ ਹੋਣੀ ਚਾਹੀਦੀ ਹੈ ਅਤੇ ਬੰਦ ਕਮਰੇ ਵਿੱਚ ਨਹੀਂ।





